ਜਦੋਂ ਤੁਹਾਡੇ ਵਿੱਚੋਂ ਕੋਈ ਮਸਜਿਦ ਵਿੱਚ ਦਾਖਲ ਹੋਵੇ, ਤਾਂ ਇਹ ਦੁਆ ਪੜ੍ਹੇ: "اللَّهُمَّ افْتَحْ لِي أَبْوَابَ رَحْمَتِكَ - ਅੱਲਾਹੁੱਮਾ ਅਫ਼ਤਾਹ ਲੀ ਅਬਵਾਬਾ ਰਾਹਮਾਤਿਕ" (ਹੇ ਅੱਲਾਹ! ਮੇਰੇ ਲਈ ਆਪਣੀ ਰਹਿਮਤ (ਦਇਆ) ਦੇ ਦਰਵਾਜ਼ੇ ਖੋਲ੍ਹ ਦੇ।) ਅਤੇ ਜਦੋਂ ਮਸਜਿਦ ਤੋਂ ਬਾਹਰ ਨਿੱਕਲੇ, ਤਾਂ ਇਹ ਦੁਆ ਪੜ੍ਹੇ: "اللَّهُمَّ إِنِّي أَسْأَلُكَ مِنْ فَضْلِكَ - ਅੱਲਾਹੁੱਮਾ ਇੱਨੀ ਅਸਅਲੁਕਾ ਮਿਨ ਫ਼ਜ਼ਲਿਕ" (ਹੇ ਅੱਲਾਹ! ਮੈਂ ਤੈਥੋਂ ਤੇਰੇ ਫ਼ਜ਼ਲ (ਕਿਰਪਾ) ਦੀ ਮੰਗ ਕਰਦਾ ਹਾਂ)।

ਅਬੁ-ਹੁਮੈਦ ਜਾਂ ਅਬੁ-ਉਸੈਦ ਤੋਂ ਰਿਵਾਇਤ ਹੈ, ਉਹ ਕਹਿੰਦੇ ਹਨ ਕਿ ਅੱਲਾਹ ਦੇ ਰਸੂਲ ﷺ ਨੇ ਫਰਮਾਇਆ: "ਜਦੋਂ ਤੁਹਾਡੇ ਵਿੱਚੋਂ ਕੋਈ ਮਸਜਿਦ ਵਿੱਚ ਦਾਖਲ ਹੋਵੇ, ਤਾਂ ਇਹ ਦੁਆ ਪੜ੍ਹੇ: "اللّٰهُمَّ افْتَحْ لِي أَبْوَابَ رَحْمَتِكَ - ਅੱਲਾਹੁੱਮਾ ਅਫ਼ਤਾਹ ਲੀ ਅਬਵਾਬਾ ਰਾਹਮਾਤਿਕ" (ਹੇ ਅੱਲਾਹ! ਮੇਰੇ ਲਈ ਆਪਣੀ ਰਹਿਮਤ (ਦਇਆ) ਦੇ ਦਰਵਾਜ਼ੇ ਖੋਲ੍ਹ ਦੇ।) ਅਤੇ ਜਦੋਂ ਮਸਜਿਦ ਤੋਂ ਬਾਹਰ ਨਿੱਕਲੇ, ਤਾਂ ਇਹ ਦੁਆ ਪੜ੍ਹੇ: "اللّٰهُمَّ إِنِّي أَسْأَلُكَ مِنْ فَضْلِكَ - ਅੱਲਾਹੁੱਮਾ ਇੱਨੀ ਅਸਅਲੁਕਾ ਮਿਨ ਫ਼ਜ਼ਲਿਕ" (ਹੇ ਅੱਲਾਹ! ਮੈਂ ਤੈਥੋਂ ਤੇਰੇ ਫ਼ਜ਼ਲ (ਕਿਰਪਾ) ਦੀ ਮੰਗ ਕਰਦਾ ਹਾਂ)।"

[صحيح] [رواه مسلم]

ਅੱਲਾਹ ਦੇ ਨਬੀ ﷺ ਨੇ ਆਪਣੀ ਉੱਮਤ ਨੂੰ ਮਸਜਿਦ ਵਿੱਚ ਦਾਖਲ ਹੋਣ ਦੀ ਇਹ ਦੁਆ ਸਿਖਾਈ ਹੈ: "اللَّهُمَّ افْتَحْ لِي أَبْوَابَ رَحْمَتِكَ - ਅੱਲਾਹੁੱਮਾ ਅਫ਼ਤਾਹ ਲੀ ਅਬਵਾਬਾ ਰਾਹਮਾਤਿਕ"। ਅਸਲ ਵਿੱਚ ਇਸ ਰਾਹੀਂ ਉਹ ਅੱਲਾਹ ਤਆਲਾ ਤੋਂ ਉਸਦੀ ਰਹਿਮਤ (ਦਇਆ) ਦੇ ਸਾਧਨ ਪ੍ਰਦਾਨ ਕਰਨ ਦੀ ਬੇਨਤੀ ਕਰਦਾ ਹੈ। ਇਸੇ ਤਰ੍ਹਾਂ ਆਪ ﷺ ਨੇ ਮਸਜਿਦ ਤੋਂ ਬਾਹਰ ਨਿਕਲਣ ਦੀ ਇਹ ਦੁਆ ਸਿਖਾਈ ਹੈ: "اللّٰهُمَّ إِنِّي أَسْأَلُكَ مِنْ فَضْلِكَ - ਅੱਲਾਹੁੱਮਾ ਇੱਨੀ ਅਸਅਲੁਕਾ ਮਿਨ ਫ਼ਜ਼ਲਿਕ", ਅਤੇ ਇਸ ਰਾਹੀਂ ਉਹ ਅੱਲਾਹ ਤੋਂ ਉਸਦਾ ਫ਼ਜ਼ਲ (ਕਿਰਪਾ) ਅਤੇ ਉਸਦਾ ਇਹਸਾਨ ਜਿਵੇਂ ਹਲਾਲ ਰੋਜ਼ੀ-ਰੋਟੀ ਆਦਿ ਮੰਗਦਾ ਹੈ।

http://sunnah.global/hadeeth/pa/show/65092